a2zpapers.com

Exam. Code : 112101
Subject Code : 7963

## B.Design (Multimedia) Semester—I

## PUNJABI COMPULSORY

Time Allowed—3 Hours] [Maximum Marks—50

ਨੋਟ :- ਸਾਰੇ ਪ੍ਰਸ਼ਨ ਕਰਨੇ ਲਾਜ਼ਮੀ ਹਨ।

1. **'ਨਾਰੀ ਸ਼ਕਤੀ'** ਲੇਖ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ

**ਜਾਂ**

**'ਵਾਤਾਵਰਣੀ ਪ੍ਰਦੂਸ਼ਣ'** ਨਿਬੰਧ ਦਾ ਵਿਸ਼ਾ-ਵਸਤੂ ਸਪੱਸ਼ਟ ਕਰੋ। 10

2. **'ਹੁਣ ਘਰਾਂ ਨੂੰ ਪਰਤਣਾ'** ਕਵਿਤਾ ਦਾ ਵਿਸ਼ਾ-ਵਸਤੂ ਸਪੱਸ਼ਟ ਕਰੋ।

**ਜਾਂ**

**'ਲੂਣਾ'** ਕਵਿਤਾ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ। 10

3. ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ **ਇੱਕ** ਉੱਤੇ ਪੈਰ੍ਹਾ ਰਚਨਾ ਕਰੋ :

(ੳ) ਮਲਟੀ-ਮੀਡੀਆ ਦਾ ਯੁੱਗ

(ਅ) ਅਧਿਆਪਕ ਵਿਦਿਆਰਥੀ ਵਿਚਲਾ ਰਿਸ਼ਤਾ

(ੲ) ਮਨੁੱਖ ਅਤੇ ਵਾਤਾਵਰਨ। 5



www.a2zpapers.com

a2zpapers.com

a2zpapers.com

4. ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਉ :

**ਜਗ-ਮਗ** ਜਗਦਿਆਂ ਦੀਵਿਆਂ ਦੀਆਂ ਜੋਤਾਂ ਦੀ ਟਿਮ-ਟਿਮਾਂਦੀ ਇਹ ਦੀਵਾਲੀ ਦੀ ਰਾਤ ਕੀ ਆਉਂਦੀ ਹੈ, ਲੋਕਾਂ ਦੇ ਦਿਲਾਂ ਦੀਆਂ ਹਨੇਰੀਆਂ ਗੁਠਾਂ ਰੁਸ਼ਨਾ ਜਾਦੀ ਹੈ, ਪਰ ਨਾਲ ਹੀ ਕਈ ਸਾਕੇ ਵੀ ਵਰਤਾ ਛੱਡਦੀ ਹੈ। ਦੀਵਾਲੀ ਆਉਣ ਤੋਂ ਪਹਿਲਾਂ ਮੇਰੇ ਪਿੰਡ ਦਾ ਹਰ ਘਰ **ਲਿਪਿਆ-ਪੋਚਿਆ** ਜਾਂਦਾ ਹੈ। ਕਾਲੀ ਮਿੱਟੀ ਦਾ ਪਰੋਲਾ, ਪਾਂਡੂ ਵਾਲੀ ਮਿੱਟੀ ਦਾ ਪੋਚਾ, ਗੋਕੇ ਦੇ ਗੋਹੇ ਦੀ ਤਲੀ ਫੇਰ ਕੇ ਕੰਧਾਂ ਕੌਲੇ ਅਤੇ ਚੌਕੇ ਚੁੱਲੇ ਦੀ ਸਾਰੀ ਟੁੱਟ-ਫੁੱਟ ਦੂਰ ਕਰ ਲਈ ਜਾਂਦੀ ਹੈ। ਇਹ ਜ਼ਨਾਨੀਆਂ ਦੇ ਬੜੇ ਰੁਝੇਵੇਂ ਦੇ ਦਿਨ ਹੁੰਦੇ ਹਨ। "ਲੈ ਭੈਣ ਐਤਕੀ ਤਾਂ ਤੁਹਾਡੀ ਸਲਾਹ ਐ ਕਿਸੇ ਦੇ ਘਰ ਲੱਛਮੀ ਦੇ ਚਰਨ ਪੈਣ ਈ ਨਹੀਂ ਦੇਣੇ।" ਥਿਕ ਗੁਆਂਢਣ ਆ ਕੇ ਘਰ ਦੇ ਲਿੱਪਣ-ਪੋਚਣ ਦੇ ਕੰਮ ਨੂੰ ਸਲਾਹੁੰਦੀ ਵੀ ਹੈ ਤੇ ਆਪਣੇ ਸ਼ਰੀਕੇ ਵਾਲੀ **ਗੁੱਝੀ** ਈਰਖਾ ਦੀ ਰਮਜ਼ ਵੀ ਮਾਰ ਛੱਡਦੀ ਹੈ। 'ਸਾਡੇ ਕੀਹਨੇ, ਲੱਛਮੀ ਦੇ ਪੈਰ ਪੈਣ ਦੇਣੇ ਨੇ, ਜਦੋਂ ਤੇਰੇ ਵਰਗੀਆਂ ਦਾਨੀਆਂ ਬੂਹੇ ਬੜਦੀ ਨੂੰ ਘਰੂੰਟੀ ਲੈਣ ਵਾਲੀਆਂ ਖੜ੍ਹੀਆਂ ਹੋਈਆਂ ਨੇ। ਭਾਈ ਬਹਾਨੇ ਸਿਰ ਘਰ ਦੇ ਕੰਧਾਂ ਕੌਲੇ ਲਿਪੇ ਜਾਂਦੇ ਨੇ, ਨਹੀਂ ਤਾਂ ਘੌਲ ਵਿੱਚ ਸਾਲ ਈ ਲੰਘ ਜਾਂਦੇ ਨੇ। ਸ਼ਰੀਕਣੀ ਨੂੰ ਪਹਿਲਾਂ ਇਕ ਕਹਾਣੀ ਸੁਣਾ ਕੇ ਫਿਰ ਧੀਮੀ ਆਵਾਜ਼ ਨਾਲ ਅਗਲੀ ਗੱਲ ਸ਼ੁਰੂ ਕਰ ਦਿੱਤੀ ਜਾਂਦੀ ਹੈ।

**ਪ੍ਰਸ਼ਨ :**

(1) ਦੀਵਾਲੀ ਆਉਣ ਤੋਂ ਪਹਿਲਾਂ ਦੇ ਦਿਨ ਇਸਤਰੀਆਂ ਲਈ ਰੁਝੇਵੇਂ ਭਰੇ ਕਿਵੇਂ ਹੁੰਦੇ ਹਨ ?



www.a2zpapers.com

a2zpapers.com

a2zpapers.com

(2) ਘਰਾਂ ਨੂੰ ਲਿਪਣ-ਪੋਚਣ ਪਿਛੇ ਅਸਲ ਮਨੋਰਥ ਕੀ ਜਾਪਦਾ ਹੈ ?

(3) ਪੈਰੇ ਦਾ ਸਿਰਲੇਖ ਦਿਉ।

(4) ਪੈਰੇ ਵਿੱਚ ਆਏ ਸ਼ਬਦਾਂ ਜਗਮਗਾਉਣਾ, ਲਿਪਣਾ-ਪੋਚਣਾ ਅਤੇ ਗੁੱਝਾ ਦੇ ਅਰਥ ਦੱਸੋ।

(5) ਪੈਰੇ ਵਿੱਚੋਂ ਦੋ ਕਿਰਿਆਵਾਂ ਦੀ ਸੂਚੀ ਤਿਆਰ ਕਰੋ। 5

5. ਪੰਜਾਬੀ ਧੁਨੀ ਵਿਉਂਤ 'ਤੇ ਇਕ ਨੋਟ ਲਿਖੋ।

**ਜਾਂ**

ਉਪ-ਭਾਸ਼ਾ ਦੀ ਪਰਿਭਾਸ਼ਾ ਦਿੰਦਿਆਂ ਹੋਇਆਂ ਪੰਜਾਬੀ ਉਪ-ਭਾਸ਼ਾਵਾਂ ਦੇ ਪਛਾਣ ਚਿੰਨ੍ਹਾਂ 'ਤੇ ਨੋਟ ਲਿਖੋ। 10

6. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕੋਈ **ਦੋ** ਦੇ ਉੱਤਰ ਲਿਖੋ :

(ੳ) ਮਾਤ ਭਾਸ਼ਾ ਦਾ ਪਹਿਲੀ ਭਾਸ਼ਾ ਅਤੇ ਦੂਜੀ ਭਾਸ਼ਾ ਦੇ ਤੌਰ 'ਤੇ ਅਧਿਆਪਨ ਵਿੱਚ ਅੰਤਰ ਸਪਸ਼ਟ ਕਰੋ।

(ਅ) ਮਾਤ ਭਾਸ਼ਾ ਦੇ ਦੂਜੀ ਭਾਸ਼ਾ ਦੇ ਤੌਰ 'ਤੇ ਅਧਿਆਪਨ ਦੀ ਕਿਉਂ ਜ਼ਰੂਰਤ ਪੈਂਦੀ ਹੈ ?

(ੲ) ਪਹਿਲੀ ਭਾਸ਼ਾ ਦੇ ਤੌਰ 'ਤੇ ਮਾਤ ਭਾਸ਼ਾ ਦੀ ਕੀ ਭੂਮਿਕਾ ਹੈ ?

(ਸ) ਮਾਤ ਭਾਸ਼ਾ ਦੀ ਦੂਜੀ ਭਾਸ਼ਾ ਵਜੋਂ ਸਿੱਖਿਆ ਸਮੇਂ ਕੀ ਸਮੱਸਿਆਵਾਂ ਆਉਂਦੀਆਂ ਹਨ ? 5×2=10



www.a2zpapers.com

a2zpapers.com